
**22.** ਸਿੱਧ ਕਰੋ ਕਿ ਕਿਸੇ ਬਾਹਰੀ ਬਿੰਦੂ ਤੋਂ ਚੱਕਰ ਵੱਲ ਖਿੱਚੀਆਂ ਗਈਆਂ ਸਪਰਸ਼ ਰੇਖਾਵਾਂ ਦੀਆਂ ਲੰਬਾਈਆਂ ਬਰਾਬਰ ਹੋਣਗਈਆਂ।

**23.** 4 ਸੈਂ.ਮੀ. ਅਰਧ ਵਿਆਸ ਦਾ ਇੱਕ ਚੱਕਰ ਬਣਾਓ। ਉਸ ਉੱਪਰ ਦੋ ਸਪਰਸ਼ ਰੇਖਾਵਾਂ ਖਿੱਚੋ ਜਿਹਨਾਂ ਵਿਚਲਾ ਕੋਣ $60^\circ$ ਹੋਵੇ।

**24.** ਚਿੱਤਰ 7 ਵਿੱਚ ਦੋ ਬਰਾਬਰ ਚੱਕਰ, ਜਿਹਨਾਂ ਦੇ ਕੇਂਦਰ O ਅਤੇ O' ਹਨ ਆਪੋ ਵਿੱਚ ਬਿੰਦੂ X ਉੱਪਰ ਸਪਰਸ਼ ਕਰਦੇ ਹਨ। OO' ਨੂੰ ਵਧਾਉਣ ਤੇ O' ਕੇਂਦਰ ਵਾਲੇ ਚੱਕਰ ਨੂੰ ਬਿੰਦੂ A ਉੱਪਰ ਕੱਟਦਾ ਹੈ। ਬਿੰਦੂ A ਤੋਂ O ਕੇਂਦਰ ਵਾਲੇ ਚੱਕਰ ਉੱਪਰ AC ਇੱਕ ਸਪਰਸ਼ ਰੇਖਾ ਹੈ ਅਤੇ $O'D \perp AC$ ਹੈ। $\frac{DO'}{CO}$ ਦਾ ਮਾਨ ਪਤਾ ਕਰੋ।




**ਚਿੱਤਰ 7**

**25.** $x$ ਦੇ ਲਈ ਹਲ ਕਰੋ : $\frac{1}{x+1} + \frac{2}{x+2} = \frac{4}{x+4}, x \neq -1, -2, -4$

**26.** ਧਰਤੀ ਉੱਪਰ ਇੱਕ ਬਿੰਦੂ X ਤੋਂ ਇੱਕ ਲੰਬ ਖੜੀ ਮਿਨਾਰ PQ ਦੇ ਸਿਖਰ Q ਦਾ ਉਚਾਣ ਕੋਣ $60^\circ$ ਹੈ। ਇੱਕ ਹੋਰ ਬਿੰਦੂ Y ਜੋ ਬਿੰਦੂ X ਤੋਂ 40 ਮੀ. ਸਿੱਧੀ ਉਚਾਈ ਵਿੱਚ ਉੱਚਾ ਹੈ,ਤੋਂ ਸਿਖਰ Q ਦਾ ਉਚਾਣ ਕੋਣ $45^\circ$ ਹੈ।ਮੀਨਾਰ PQ ਦੀ ਉਚਾਈ ਅਤੇ ਦੂਰੀ PX ਪਤਾ ਕਰੋ।($\sqrt{3} = 1.73$ ਲਵੋ)

**27.** ਇੱਕ ਸਿੱਧੀ ਰੇਖਾ ਵਿੱਚ ਸਥਿਤ ਘਰਾਂ ਉੱਪਰ 1 ਤੋਂ 49 ਤੱਕ ਦੀਆਂ ਸੰਖਿਆਵਾਂ(ਕ੍ਰਮ ਅਨੁਸਾਰ)ਅੰਕਿਤ ਹਨ। ਦਰਸਾਓ ਕਿ ਇਹਨਾਂ ਅੰਕਿਤ ਸੰਖਿਆਵਾਂ ਵਿੱਚੋਂ ਜ਼ਰੂਰ ਇੱਕ ਅਜਿਹੀ ਸੰਖਿਆ X ਹੈ ਕਿ X ਤੋਂ ਪਹਿਲੇ ਆਉਣ ਵਾਲੇ ਘਰਾਂ ਉੱਪਰ ਲਿਖੀਆਂ ਸੰਖਿਆਵਾਂ ਦਾ ਜੋੜ, X ਤੋਂ ਪਿੱਛੋਂ ਆਉਣ ਵਾਲੀਆਂ ਸੰਖਿਆਵਾਂ ਦੇ ਜੋੜ ਦੇ ਬਰਾਬਰ ਹੈ।

